بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 21.08.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 21 ਅਗਸਤ 2015 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਸਾਡੇ ਜਲਸਿਆਂ ਦਾ ਇਕ ਵੱਡਾ ਉਦੇਸ਼ ਤਾਂ ਇਹੋ ਹੈ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵਰਨਣ ਕੀਤਾ ਅਤੇ ਬੈਅਤ ਦਾ ਓਦੇਸ਼ ਵੀ ਇਹ ਵਰਨਣ ਫ਼ਰਮਾਇਆ ਕਿ ਆਪਣੇ ਮੌਲਾ ਕਰੀਮ ਅਤੇ ਰਸੂਲੇ ਮਕਬੂਲ ਮੁਹੱਮਦ ਸਲਲੱਾਹੁ ਅਲੈਹਿ ਵਸਲਅਮ ਦਾ ਪ੍ਰੇਮ ਮਨ ਉਪੱਰ ਗ਼ਾਲਬ ਆ ਜਾਵੇ । ਮਨ ਉਪੱਰ ਪ੍ਰੇਮ ਤਾਂ ਉਸੇ ਸਮੇਂ ਗ਼ਾਲਬ ਆ ਸਕਦਾ ਹੈ ਜੱਦ ਅਸੀਂ ਆਪ ਉਪੱਰ ਦਿਲ ਦੀ ਡੂੰਘਿਆਈ ਨਾਲ ਦੁਰੂਦ ਭੇਜੀਏ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਅੱਜ ਇੰਸ਼ਾਅਲੱਾਹ ਤਆਲਾ ਜੁਮਏ ਦੇ ਬਾਦ ਜਲਸਾ ਸਾਲਾਨਾ ਅਰੰਭ ਹੋਵੇਗਾ ਅਰਥਾਤ ਜਲਸੇ ਦੇ ਪ੍ਰੋਗਰਾਮਾ ਅਨੁਸਾਰ ਪਹਿਲਾ ਸੈਸ਼ਨ ਅਰੰਭ ਹੋਣਾ ਹੈ, ਪਰ ਜੁਮਏ ਦੀ ਵੀ ਇਕ ਮਹੱਤਾ ਹੈ ਇਹ ਵੀ ਚੇਤੇ ਰੱਖਣੀ ਚਾਹੀਦੀ ਹੈ । ਇਸ ਲਈ ਇਸ ਮਹਤੱਾ ਨੂੰ ਸਾਹਮਣੇ ਰੱਖਦਿਆਂ ਹੋਇਆਂ ਸਾਨੂੰ ਇਸ ਦਾ ਵੀ ਹੱਕ ਪੂਰਾ ਕਰਨ ਦਾ ਜਤਨ ਕਰਨਾ ਚਾਹੀਦਾ ਹੈ ਅਤੇ ਜਲਸੇ ਕਰਕੇ ਇਸ ਹੱਕ ਨੂੰ ਪੂਰਾ ਕਰਨ ਲਈ ਜਾਂ ਇਸ ਹੱਕ ਨੂੰ ਪੂਰਾ ਕਰਦੇ ਸਮੇਂ ਜੋ ਦੁਆਵਾਂ ਕਰੋ ਉਸ ਵਿੱਚ ਜਲਸੇ ਦੇ ਬਰਕਤਾਂ ਭਰਪੂਰ ਹੋਣ ਦੀਆਂ ਦੁਆਵਾਂ ਵੀ ਕਰਦੇ ਰਹੋ ।

ਜੁਮਏ ਦੀ ਮਹੱਤਾ ਬਾਰੇ ਹਦੀਸ ਵਿੱਚ ਆਉਂਦਾ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਫ਼ਰਮਾਇਆ ਕਿ ਦਿਨਾਂ ਵਿੱਚੋਂ ਚੰਗਾ ਦਿਨ ਜੁਮਏ ਦਾ ਦਿਨ ਹੈ ਇਸ ਦਿਨ ਮੇਰੇ ਉਪੱਰ ਬਹੁਤ ਦੁਰੂਦ ਭੇਜਿਆ ਕਰੋ ਕਿਉਂਕਿ ਇਸ ਦਿਨ ਤੁਹਾਡਾ ਇਹ ਦੁਰੂਦ ਮੇਰੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ । ਫਿਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਫ਼ਰਮਾਇਆ ਕਿ ਇਸ ਦਿਨ ਵਿਚੱ ਇਕ ਅਜਿਹੀ ਘੜੀ ਵੀ ਆਉਂਦੀ ਹੈ ਜਦ ਮੋਮਨ ਇਸ ਘੜੀ ਵਿੱਚ ਅਲੱਾਹ ਤੋਂ ਦੁਆਵਾਂ ਕਰਦਿਆਂ ਹੋਇਆਂ ਜੋ ਦੁਆ ਮੰਗੇ ਉਹ ਪਰਵਾਨ ਹੋ ਜਾਂਦੀ ਹੈ ਅਤੇ ਆਪ ਨੇ ਫ਼ਰਮਾਇਆ ਕਿ ਇਹ ਬਹੁਤ ਛੋਟੀ ਘੜੀ ਹੈ । ਸੋ, ਇਹ ਮਹਮੱਤਾ ਹੈ ਇਸ ਜੁਮਏ ਦੀ ਅਤੇ ਜੇਕਰ ਅੱਜ ਅਸੀਂ ਜੁਮਏ ਦੇ ਦਿਨ ਅੱਜ ਦੀ ਇਬਾਦਤ ਅਤੇ ਖ਼ੁਤਬਾ ਸੁਣਦੇ ਸਮੇਂ ਕਿਓਂਕਿ ਖ਼ੁਤਬਾ ਵੀ ਜੁਮਏ ਦਾ ਇਬਾਦਤ ਦਾ ਇਕ ਭਾਗ ਹੈ । ਇਸ ਵਿੱਚ ਸਾਰੀਆਂ ਦੁਆਵਾਂ ਤੋਂ ਮਹਤੱਵਪੂਰਨ ਜੋ ਦੁਆ ਹੈ ਉਹ ਇਹ ਹੈ ਕਿ ਦੁਰੂਦ ਪੜ੍ਹੀਏ । ਅਲੱਾਹ ਹੁੰਮਾ ਸੱਲੇ ਅਲਾ ਮੁਹਮੱਦ ਕਹਿ ਰਹੇ ਹੋਵੋ ਤਾਂ ਇਸ ਬੋਧ, ਵਿਚਾਰ ਤੇ ਸੋਚ ਨਾਲ ਕਹਿ

ਰਹੇ ਹੋਵੋ ਕਿ ਹੇ, ਅਲੱਾਹ ! ਹਜ਼ਰਤ ਮੁਹਮਦ ਸਲਲੱਾਹੁ ਅਲੈਹਿ ਵਸਲਅਮ ਦੇ ਜ਼ਿਕਰ (ਚਿੰਤਨ) ਨੂੰ ਬੁਲੰਦ ਕਰਕੇ ਆਪ ਦੇ ਸੁੰਦਰ ਸੰਦੇਸ਼ ਅਤੇ ਸਿੱਖਿਆ ਨੂੰ ਗ਼ਲਬਾ ਪ੍ਰਦਾਨ ਕਰ, ਆਪ ਦੀ ਲਿਆਂਦੀ ਹੋਈ ਸ਼ਰੀਅਤ ਨੂੰ ਵਾਸਤਵਿਕ ਰੂਪ ਵਿੱਚ ਕਾਇਮ ਕਰਕੇ ਉਸ ਦੀ ਅਜ਼ਮਤ ਤੇ ਵੱਡਿਆਈ ਸੰਸਾਰ'ਤੇ ਪ੍ਰਮਾਣਿਤ ਕਰ ਦੇ ਅਤੇ ਸਾਨੂੰ ਉਸ ਦੇ ਫ਼ੈਲਾਉਣ ਵਿੱਚ ਸਹਾਈ ਬਣਨ ਦਾ ਸੰਜੋਗ ਪ੍ਰਦਾਨ ਕਰ । ਆਪ ਦੀ ਉਮੱਤ ਲਈ ਮੁਕਦੱਰ ਕੀਤੇ ਉਪਹਾਰਾਂ ਵਿੱਚੋਂ ਭਾਗੀਦਾਰ ਬਣਾ ਦੇ ਅਤੇ ਜੱਦ ਅਸੀਂ ਅਲੱਾਹੁਮੱਾ ਬਾਰਿਕ ਅਲਾ ਕਹਿ ਰਹੇ ਹੋਈਏ ਤਾਂ ਇਸ ਸੋਚ ਨਾਲ ਕਿ ਹੇ, ਅਲੱਾਹ! ਸਾਡੀ ਇਹ ਵੀ ਦੁਆ ਹੈ ਤੂੰ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲਾਹੁ ਅਲੈਹਿ ਵਸਲਅਮ ਨੂੰ ਜੋ ਸਨਮਾਨ, ਵੱਡਿਆਈ ਅਤੇ ਮਹਾਨਤਾ ਮੁਕਦੱਰ ਕੀਤੀ ਹੋਈ ਹੈ ਉਸ ਨੂੰ ਕਾਇਮ ਕਰਕੇ ਦੁਸਮਣ ਨੂੰ ਨਿਰਾਸ਼ ਤੇ ਘਾਟਾ ਪਾਉਣ ਵਾਲਾ ਕਰਕੇ ਸਾਨੂੰ ਵੀ ਦੇਖਣ ਅਤੇ ਉਸ ਦਾ ਹਿਸੱਾ ਬਣਨ ਦੀ ਤੌਫ਼ੀਕ ਪ੍ਰਦਾਨ ਕਰ । ਜੱਦ ਅਸੀਂ ਇਹ ਸਫ਼ਲਤਾ ਦੇ ਦ੍ਰਿਸ਼ ਦੇਖੀਏ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਵਿਰੁਧ ਕਾਇਮ ਕੀਤੇ ਜਾਣ ਵਾਲੀ ਹਰ ਜੁਕਤੀ ਤੇ ਜਤਨ ਦੁਸ਼ਨਮਣ ਉਪੱਰ ਪਰਤਕੇ ਪਏ ਅਤੇ ਅੱਜ ਅਸੀਂ ਇਕਤੱਰ ਹੋਕੇ ਇਹ ਦੁਆ ਸਾਮੂਹਿਕ ਰੂਪ ਵਿੱਚ ਕਰ ਰਹੇ ਹੋਵਾਂਗੇ ਤਾਂ ਅਜਿਹੀ ਦੁਆ ਜੋ ਰੱਬ ਕੋਲ ਨਿਸ਼ਚੇ ਹੀ ਪਿਆਰ ਤੇ ਪਰਵਾਨਗੀ ਦੀ ਦ੍ਰਿਸ਼ਟੀ ਪਾਉਂਦੀ ਹੈ ਅਤੇ ਦੇਖੀ ਜਾਂਦੀ ਹੈ । ਅਤੇ ਅਸੀਂ ਇਸ ਦੀ ਪਰਵਾਨਗੀ ਦੇ ਫ਼ੈਜ਼ ਪ੍ਰਾਪਤ ਕਰਦੇ ਹਾਂ ਅਤੇ ਫਿਰ ਇਸ ਦੇ ਜਾਰੀ ਲਾਭਾਂ ਦੇ ਅਸੀਂ ਭਾਗੀਦਾਰ ਵੀ ਬਣਦੇ ਜਾਂਦੇ ਹਾਂ । ਆਪ ਨੂੰ ਜੱਦ ਆਪ ਦੇ ਮਨ੍ਹਣ ਵਾਲਿਆਂ ਦੀਆਂ ਇਹ ਦੁਆਵਾਂ ਪੇਸ਼ ਕੀਤੀਆਂ ਜਾਂਦੀਆਂ ਹਨ ਆਪ ਉਪੱਰ ਦੁਰੂਦ ਪੇਸ਼ ਕੀਤਾ ਜਾਂਦਾ ਹੈ ਤਾਂ ਫਿਰ ਦੁਆਵਾਂ ਦੇ ਫ਼ੈਜ਼ ਵੀ ਸਾਨੂੰ ਮਿਲਦੇ ਹਨ ਅਤੇ ਇਉਂ ਬਰਕਤਾਂ ਦੀ ਇਕ ਲੜੀ ਅਰੰਭ ਹੁੰਦੀ ਹੈ । ਸਾਡੇ ਜਲਸਿਆਂ ਦਾ ਇਕ ਬਹੁਤ ਵੱਡਾ ਉਦੇਸ਼ ਤਾਂ ਇਹੋ ਹੈ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵਰਨਣ ਕੀਤਾ ਹੈ ਅਤੇ ਬੈਅਤ ਦਾ ਉਦੇਸ਼ ਵੀ ਇਹ ਵਰਨਣ ਕੀਤਾ ਕਿ ਆਪਣੇ ਰੱਬ ਅਤੇ ਰਸੂਲੇ ਮਕਬੂਲ ਸਲਲਲੱਾਹੁ ਅਲੈਹਿ ਵਸਲਅਮ ਦਾ ਪ੍ਰੇਮ ਮਨ ਉਪੱਰ ਗ਼ਾਲਬ ਆ ਜਾਵੇ । ਮਨ ਉਪੱਰ ਪ੍ਰੇਮ ਉਸ ਸਮੇਂ ਗ਼ਾਲਬ ਆ ਸਕਦਾ ਹੈ ਜੱਦ ਅਸੀਂ ਆਪ ਉਪੱਰ ਦਿਲ ਦੀ ਗਹਿਰਾਈ ਤੋਂ ਦਰੂਦ ਭੇਜੀਏ ਕਿਉਂਕਿ ਰੱਬ ਦਾ ਵੀ ਇਹ ਹੁਕਮ ਹੈ ਅਤੇ ਫਿਰ ਆਪਣੀਆਂ ਹਾਲਤਾਂ ਨੂੰ ਵੀ ਇਸ ਅਨੁਸਾਰ ਢਾਲੋ ਅਤੇ ਢਾਲਣ ਦਾ ਜਤਨ ਕਰੋ ਜਿਸ ਦਾ ਚਰਿਤੱਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਸਾਡੇ ਸਾਹਮਣੇ ਪੇਸ਼ ਕੀਤਾ ਹੈ । ਆਪ ਦੇ ਪ੍ਰੇਮ ਦੇ ਸਬਬ ਆਪ ਉਪੱਰ ਦੁਰੂਦ ਅਤੇ ਆਪ ਦੀ ਪੈਰ੍ਹਵੀ ਫਿਰ ਰੱਬ ਨੂੰ ਵੀ ਪਾਉਣ ਵਾਲਾ ਵੀ ਬਣਾਏਗੀ । ਸੋ, ਜੁਮਏ ਵਿੱਚ ਵੀ ਤੇ ਜੁਮਏ ਦੇ ਬਾਦ ਵੀ ਵਿਸ਼ੇਸ਼ ਤੌਰ'ਤੇ ਅਤੇ ਬਾਕੀ ਦਿਨਾ ਵਿੱਚ ਵੀ ਇਕ ਤਵਜੁੱਹ ਨਾਲ ਦੁਰੂਦ ਅਤੇ ਇਲਾਹੀ ਚਿੰਤਨ ਵਿੱਚ ਹਰ ਇਕ ਨੂੰ ਸਮਾਂ ਲੰਘਾਉਣ ਦਾ ਜਤਨ ਕਰਨਾ ਚਹੀਦਾ ਹੈ ਤਾਂ ਜੋ ਰੱਬ ਸਾਡੇ ਉਪੱਰ ਵੀ ਮਿਹਰ ਕਰਦਿਆਂ ਹੋਇਆਂ ਸਾਡੇ ਵਿਰੋਧੀਆਂ ਦੇ ਸਾਰਿਆਂ ਮਨਸੂਬਿਆਂ ਨੂੰ ਉਹਨਾ'ਤੇ ਪਰਤਾ ਦੇਵੇ । ਫਿਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਜੀਵਨ ਵਿੱਚ ਸਾਨੂੰ ਹੁਕੂਕੁਲ ਇਬਾਦ (ਰੱਬ ਦੀ ਮਖ਼ਲੂਕ ਦੇ ਅਧਿਕਾਰ) ਦੀਆਂ ਮਹਾਨਤਮ ਉਧਾਰਣਾ ਮਿਲਦੀਆਂ ਹਨ । ਇਸ ਬਾਰੇ ਸਾਨੂੰ ਜਤਨ ਕਰਨਾ ਚਾਹੀਦਾ ਹੈ ਕਿ ਉਸ ਨੂੰ ਆਪਣੇ ਜੀਵਨ ਉਪੱਰ ਲਾਗੂ ਕਰੀਏ ।

ਫਿਰ ਰੱਬ ਦੇ ਮੋਮਨਾ ਦੀ ਇਹ ਨਿਸ਼ਾਨੀ ਦੱਸੀ ਹੈ ਕਿ ਉਹ ਆਪੋ ਵਿੱਚ ਪ੍ਰੇਮ ਪਿਆਰ ਤੇ ਰਹਿਮ ਦੀਆਂ ਭਾਵਨਾਵਾਂ ਰਖੱਦਿਆਂ ਹੋਇਆਂ ਜੀਵਨ ਬਤੀਤ ਕਰਨ ਵਾਲੇ ਹੋਣ ਅਤੇ ਉਸ ਵਿੱਚ ਵੀ ਸਾਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦਾ ਜੋ ਚਰਿਤੱਰ ਨਜ਼ਰ ਆਉਂਦਾ ਹੈ ਅਤੇ ਜਿਸ ਦਾ ਚਿਤੱਰ ਰੱਬ ਨੇ ਵੀ ਖਿੱਚਿਆ ਹੈ ਕਿ عزیزعلیہماعنتم ਤੁਹਾਡਾ ਕਸ਼ਟ ਵਿੱਚ ਪੈਣਾ ਉਸ'ਤੇ ਔਖਾ ਲੰਘਦਾ ਹੈ । ਸੋ, ਜੋ ਸਨੇਹ ਆਪਨੂੰ ਮੋਮਨਾ ਲਈ ਸੀ, ਆਪ ਨੂੰ ਸਹਿਨ ਨਹੀਂ ਸੀ ਕਿ ਉਹਨਾਂ ਨੂੰ ਰਤਾ ਵੀ ਕਸ਼ਟ ਪਹੁੰਚੇ । ਮੋਮਨਾ ਨੂੰ ਰਤਾ ਜਿਹਾ ਪਹੁੰਚਣ ਵਾਲਾ ਕਸ਼ਟ ਵੀ ਆਪ ਨੂੰ ਬੇਚੈਨ ਕਰ ਦਿੰਦਾ ਸੀ । ਸੋ, ਇਹ ਹੈ

ਜੀਵਨ ਚਰਿਤੱਰ ਜੋ ਸਾਡੇ ਸਾਹਮਣੇ ਰੱਖਿਆ ਗਿਆ ਕਿ ਇਕ ਦੂਜੇ ਦੇ ਕਸ਼ਟ ਤੁਹਾਨੂੰ ਬੇਚੈਨ ਕਰ ਦੇਣ ਵਾਲੇ ਹੋਣੇ ਚਾਹੀਦੇ ਹਨ ਅਤੇ ਇਹ ਉਸ ਸਮੇਂ ਹੀ ਹੋ ਸਕਦਾ ਹੈ ਜੱਦ ਵਾਸਤਵਿਕ ਰੂਪ ਵਿੱਚ ਇਕ ਦੂਜੇ ਲਈ ਰਹਿਮ ਅਤੇ ਪ੍ਰੇਮ ਦੀਆਂ ਭਾਵਨਾਵਾਂ ਹੋਣ।

ਜਲਸਾ ਆਯੋਜਨ ਕਰਨ ਦੇ ਮੰਤਵਾਂ ਵਿੱਚ ਇਕ ਮੰਤਵ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਹ ਵੀ ਵਰਨਣ ਕੀਤਾ ਹੈ ਕਿ ਜਮਾਤ ਦੇ ਪਰਸਪਰ ਸੰਬੰਧ ਮਜ਼ਬੂਤ ਹੋਣਗੇ ਅਤੇ ਭਾਈਚਾਰਕ ਸੰਬੰਧ ਉਦੋਂ ਹੀ ਮਜ਼ਬੂਤ ਹੁੰਦੇ ਹਨ ਜੱਦ ਨਿਹਸਵਾਰਥ ਹੋਕੇ ਇਕ ਦੂਜੇ ਖ਼ਾਤਰ ਮਾਨਵੀ ਕੁਰਬਾਨੀ ਕਰਦਾ ਹੈ ਫਿਰ ਇਕ ਦੂਜੇ ਦੀਆਂ ਭਾਵਨਵਾਂ ਦਾ ਖ਼ਿਆਲ ਰੱਖਦਾ ਹੈ। ਅਰੰਭ ਦੇ ਜਲਸਿਆਂ ਵਿੱਚ ਜੱਦ ਅਜੇ ਤਰਬੀਯਤ (ਸੀਖ) ਦੇ ਉਹ ਮਿਆਰ ਪ੍ਰਾਪਤ ਨਹੀਂ ਹੋਏ ਸਨ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਚਾਹੁੰਦੇ ਸਨ ਅਤੇ ਕੁਰਬਾਨੀ ਦੀ ਉਹ ਭਾਵਨਾ ਨਹੀਂ ਸੀ ਭਾਵੇਂ ਆਸਥਾ ਦੇ ਪੱਖੋਂ ਮਜ਼ਬੂਤੀ ਤਾਂ ਪੈਦਾ ਹੋ ਗਈ ਸੀ ਪਰ ਵਾਤਾਵਰਣ ਦੇ ਪ੍ਰਭਾਵ ਹੇਠ ਹਕੂਕੁਲ ਇਬਾਦ (ਮਨੁੱਖੀ ਅਧਿਕਾਰ), ਪ੍ਰੇਮ ਅਤੇ ਭਾਈਚਾਰੇ ਦੇ ਉਹ ਮਿਆਰ ਅਮਲੀ ਰੂਪ ਵਿੱਚ ਪੈਦਾ ਨਹੀਂ ਹੋਏ ਸਨ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਆਪਣੀ ਜਮਾਤ ਵਿੱਚ ਪੈਦਾ ਕਰਨਾ ਚਾਹੁੰਦੇ ਸਨ । ਫਿਰ ਜੱਦ ਆਪ ਨੇ ਇਹ ਸ਼ਿਕਾਇਤਾਂ ਸੁਣੀਆਂ ਕਿ ਜਲਸੇ ਵਿੱਚ ਇਕ ਦੂਜੇ ਦਾ ਖ਼ਿਆਲ ਨਹੀਂ ਰੱਖਿਆ ਗਿਆ ਅਤੇ ਆਪਣੇ ਆਰਾਮ ਨੂੰ ਹਰ ਮਨੁੱਖ ਨੇ ਜਾਂ ਕੁਝ ਲੋਕਾਂ ਨੇ ਆਪਣੇ ਆਰਾਮ ਨੂੰ ਦੂਜਿਆਂ ਦੇ ਆਰਾਮ ਉਪੱਰ ਪ੍ਰਾਥਮਿਕਤਾ ਦਿੱਤੀ ਹੈ । ਆਪ ਇਸ ਗੱਲ'ਤੇ ਬਹੁਤ ਦੁਖੀ ਹੋਏ ਅਤੇ ਇਸ ਦੁੱਖ ਦੇ ਸਬਬ ਫਿਰ ਇਕ ਸਾਲ ਜਲਸਾ ਵੀ ਅਯੋਜਤ ਨਹੀਂ ਹੋਇਆ । ਆਪ ਨੇ ਬਹੁਤ ਸਖ਼ਤੀ ਨਾਲ ਫ਼ਰਮਾਇਆ ਕਿ ਮੈਂ ਸੱਚ ਸੱਚ ਕਹਿੰਦਾ ਹਾਂ ਕਿ ਮਨੁੱਖ ਦਾ ਈਮਾਨ ਉਕੱਾ ਹੀ ਠੀਕ ਨਹੀਂ ਹੋ ਸਕਦਾ ਜੱਦ ਤੱਕ ਆਪਣੇ ਆਰਾਮ ਉਪੱਰ ਆਪਣੇ ਭਾਈ ਦੇ ਆਰਾਮ ਨੂੰ ਜਿੱਥੋਂ ਤੱਕ ਹੋ ਸਕੇ ਪਹਿਲ ਨ ਦਿੱਤੀ ਜਾਵੇ ।

ਸੋ, ਇਹ ਦੇਖੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਮਾਨਸਕ ਅਵਸਥਾ ਦੀ ਭਾਵਨਾ ਆਪਣੀ ਜਮਾਤ ਦੇ ਲੋਕਾਂ ਵਿੱਚ ਭਾਈਚਾਰਾ ਤੇ ਪ੍ਰੇਮ ਪਿਆਰ ਦੇਖਣ ਲਈ । ਆਪ ਇਸ ਗੱਲ'ਤੇ ਬੇਚੈਨ ਹੋ ਜਾਂਦੇ ਹਨ ਕਿ ਕਿਉ ਮੇਰੇ ਮਨ੍ਹਣ ਵਾਲੇ ਇਕ ਦੂਜੇ ਦੇ ਕਸ਼ਟਾਂ ਦਾ ਅਹਿਸਾਸ ਕਰਦੇ । ਸੋ, ਜਲਸੇ ਉਪੱਰ ਆਉਣ ਵਾਲਿਆਂ ਨੂੰ ਜਿੱਥੇ ਜਲਸੇ ਦੇ ਮੰਤਵਾਂ ਨੂੰ ਪੂਰਾ ਕਰਨ ਲਈ ਰੱਬ ਅਤੇ ਰਸੂਲ ਸਲਲੱਾਹੁ ਅਲੈਹਿ ਵਸਲਅਮ ਦਾ ਪ੍ਰੇਮ ਪੈਦਾ ਕਰਨਾ ਹੈ ਓਥੇ ਆਪੋ ਵਿੱਚ ਪ੍ਰੇਮ ਅਤੇ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਵੀ ਵਧਾਉਂਣਾ ਹੈ । ਆਪਣੇ ਧਾਰਮਕ ਗਿਆਨ ਵਿੱਚ ਵਾਧਾ ਕਰਨਾ ਹੈ । ਆਪ ਨੇ ਇਸ ਅਵਸਥਾ ਦਾ ਜੋ ਜਲਸੇ ਦਾ ਉਦੇਸ਼ ਹੈ ਅਤੇ ਜੋ ਜਲਸੇ ਵਿੱਚ ਸ਼ਮਾਲ ਹੋਣ ਵਾਲਿਆਂ ਵਿੱਚ ਪੈਦਾ ਹੋਵੇਗੀ ਜਾਂ ਹੋਣੀ ਚਾਹੀਦੀ ਹੈ ਇਉਂ ਚਿਤੱਰ ਖਿੱਚਿਆ ਹੈ ਅਤੇ ਵਰਨਣ ਕੀਤਾ ਹੈ ਆਪ ਫ਼ਰਮਾਉਂਦੇ ਹਨ ਕਿ :

ਜਿੱਥੋਂ ਤੱਕ ਹੋ ਸਕੇ ਸਾਰਿਆਂ ਸਜੱਣਾ ਨੂੰ ਕੇਵਲ ਰਬੱਾਨੀ ਗੱਲਾਂ ਨੂੰ ਸੁਨਣ ਲਈ ਅਤੇ ਦੁਆ ਵਿੱਚ ਸ਼ਾਮਲ ਹੋਣ ਲਈ ਇਸ ਨਿਰਧਾਰਤ ਮਿਤੀ ਉਪੱਰ ਆ ਜਾਣਾ ਚਾਹੀਦਾ ਅਤੇ ਇਸ ਜਲਸੇ ਵਿੱਚ ਅਜਿਹੀਆਂ ਸਚੱਾਈਆਂ ਅਤੇ ਮਆਰਫ਼ਤ (ਅਧਿਆਤਮਕਤਾ) ਦੀਆਂ ਗੱਲਾਂ ਸੁਨਾਉਣ ਦਾ ਪ੍ਰਯੋਜਨ ਰਹੇਗਾ ਜੋ ਈਮਾਨ, ਵਿਸ਼ਵਾਸ , ਆਸਥਾ ਤੇ ਮਆਰਫ਼ਤ ਨੂੰ ਤਰੱਕੀ ਦੇਣ ਲਈ ਜ਼ਰੂਰੀ ਹਨ ਅਤੇ ਉਹਨਾਂ ਸਜੱਣਾ ਲਈ ਵਿਸ਼ੇਸ਼ ਦੁਆਵਾਂ ਅਤੇ ਵਿਸ਼ੇਸ਼ ਤਵਜੁੱਹ ਹੋਵੇਗੀ ਅਤੇ ਜਿੱਥੋਂ ਤੱਕ ਹੋ ਸਕੇਗਾ ਉਸ ਮਿਹਰਵਾਨ ਤੇ ਵਾਰ ਵਾਰ ਰਹਿਮ ਕਰਨ ਵਾਲੇ (ਰੱਬ) ਦੀ ਦਰਗਾਹ ਵਿੱਚ ਜਤਨ ਕੀਤਾ ਜਾਵੇਗਾ ਕਿ ਰੱਬ ਇਹਨਾਂ ਨੂੰ ਆਪਣੀ ਵੱਲ ਖਿੱਚੇ ਅਤੇ ਆਪਣੇ ਲਈ ਪਰਵਾਨ ਕਰੇ ਅਤੇ ਉਹਨਾਂ ਵਿੱਚ ਪਾਕ ਤਬਦੀਲੀ ਬਖ਼ਸ਼ੇ ਅਤੇ ਇਹਨਾਂ ਜਲਸਿਆਂ ਦਾ ਇਕ ਲਾਭ ਇਹ ਵੀ ਹੋਵੇਗਾ ਕਿ ਹਰ ਇਕ ਨਵੇਂ ਸਾਲ ਵਿੱਚ ਜਿੰਨ੍ਹੇ ਨਵੇਂ ਲੋਕ ਜਮਾਤ ਵਿੱਚ ਦਾਖ਼ਲ ਹੋਣਗੇ ਉਹ ਨਿਰਧਾਰਤ ਮਿਤੀਆਂ ਵਿੱਚ ਹਾਜ਼ਰ ਹੋਕੇ ਆਪਣੇ ਪਹਿਲੇ ਭਰਾਵਾਂ ਦਾ ਮੂੰਹ ਦੇਖ ਲੈਣਗੇ ਅਤੇ ਜਾਣ ਪਛਾਣ ਹੋਕੇ ਸਾਕਾ ਸੰਬੰਦਾਂ ਵਿੱਚ ਤਰੱਕੀ ਹੁੰਦੀ ਰਹੇਗੀ । ਸਾਰਿਆਂ ਭਰਾਵਾਂ ਨੂੰ ਆਤਮਕ ਰੂਪ ਵਿੱਚ ਇਕ ਕਰਨ ਲਈ ਅਤੇ ਉਹਨਾਂ ਦੀ ਨਿਰਾਸਤਾ ਤੇ ਓਪਰੇ ਪਨ ਨੂੰ

ਵਿੱਚੋਂ ਖ਼ਤਮ ਕਰ ਦੇਣ ਲਈ ਰੱਬ ਖ਼ਾਤਰ ਜਤਨ ਕੀਤੇ ਜਾਣਗੇ । ਅਤੇ ਇਸ ਰੂਹਾਨੀ ਜਲਸੇ ਵਿੱਚ ਹੋਰ ਵੀ ਕਈ ਰੂਹਾਨੀ ਲਾਭ ਅਤੇ ਫ਼ਾਇਦੇ ਹੋਣਗੇ, ਜੋ ਇੰਸ਼ਾਅਲੱਾਹ ਸਮੇਂ ਸਮੇਂ 'ਤੇ ਪ੍ਰਗਟ ਹੁੰਦੇ ਰਹਿਣਗੇ ।

ਸੋ, ਸਾਡੇ ਵਿੱਚੋਂ ਹਰ ਇਕ ਨੂੰ ਇਹਨਾਂ ਗੱਲਾਂ ਦਾ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਅਸੀਂ ਏਥੇ ਇਹਨਾਂ ਦਿਨਾਂ ਵਿੱਚ ਜਲਸੇ ਦੇ ਉਦੇਸ਼ਿਆਂ ਨੂੰ ਪੂਰਾ ਕਰਨਾ ਹੈ ਅਤੇ ਜਿਵੇਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਕ ਹੋਰ ਥਾਂ ਫ਼ਰਮਾਇਆ ਹੈ ਕਿ ਸੰਸਾਰਕ ਮੇਲਿਆਂ ਵਾਂਗ ਮੇਲਾ ਨਹੀਂ ਸਮਝਣਾ । ਜਿਵੇਂ ਕਿ ਇਸ ਕਥਨ ਤੋਂ ਪ੍ਰਕਟ ਹੈ, ਸਾਡੀ ਤਵਜੁੱਹ ਇਹਨਾਂ ਦਿਨਾਂ ਵਿੱਚ ਰਬੱਾਨੀ ਗੱਲਾਂ ਨੂੰ ਸੁਨਣ ਵੱਲ ਰਹਿਣੀ ਚਾਹੀਦੀ ਹੈ । ਆਪਸੀ ਸਭਾਵਾਂ ਅਤੇ ਗੱਪਾਂ ਵਿੱਚ ਸਮਾਂ ਨਹੀਂ ਲੰਘਾਉਣਾ ਚਾਹੀਦਾ । ਨ ਹੀ ਆਪਣੇ ਸਮੇਂ ਦਾ ਬਹੁਤਾ ਹਿਸੱਾ ਬਜ਼ਾਰਾਂ ਵਿੱਚ ਲੰਘਾ ਕੇ ਸਮਾਂ ਨਸ਼ਟ ਕਰੋ । ਆਪਣਾ ਸਮਾਂ ਜੋ ਜਲਸੇ ਦੇ ਪ੍ਰੋਗ੍ਰਾਮਾ ਤੋਂ ਬਿਨਾ ਬਾਕੀ ਸਮਾਂ ਬਚੇ ਧਾਰਮਕ ਗੱਲਾਂ ਜਾਂ ਜ਼ਿਕਰੇ ਇਲਾਹੀ (ਇਲਾਹੀ ਚਿੰਤਨ) ਵਿੱਚ ਬਤੀਤ ਕਰੋ ਜਾਂ ਹੋਰ ਪ੍ਰੋਗ੍ਰਾਮ ਹਨ ਉਹਨਾਂ ਨੂੰ ਦੇਖੋ, ਉਧਾਰਣ ਲਈ ਕਈ ਏਥੇ ਅਜਿਹੀਆਂ ਚੀਜਾ ਹਨ ਬਜਾਏ ਏਧਰ ਓਧਰ ਫਿਰ ਕੇ ਜਾਂ ਬਜ਼ਾਰਾ ਵਿੱਚ ਫਿਰਨ ਦੇ ਕਈ ਜਮਾਤੀ ਤੌਰ'ਤੇ ਪ੍ਰਬੰਧ ਕੀਤੇ ਗਏ ਹਨ ਜਿੰਨ੍ਹਾ ਤੋਂ ਈਮਾਨ, ਵਿਸ਼ਵਾਸ ਅਤੇ ਆਸਥਾ ਵਿਚ ਵਾਧਾ ਹੁੰਦਾ ਹੈ, ਉਧਾਰਣ ਲਈ "ਮਖ਼ਜ਼ਨੇ ਤਸਾਵੀਰ" (ਚਿਤੱਰ ਗਿਆਨ ਭੰਡਾਰ) ਹੈ ਏਥੇ ਉਹਨਾਂ ਨੇ ਨੁਮਾਇਸ਼ (ਪ੍ਰਦਰਸ਼ਨੀ) ਲਾਈ ਹੋਈ ਹੈ । ਇਕ ਜਮਾਤ ਦਾ ਇਤਿਹਾਸ ਹੈ ਉਸ ਨੂੰ ਦੇਖੋ ਅਤੇ ਰੱਬ ਦੀਆਂ ਮਿਹਰਾਂ ਨੂੰ ਚੇਤੇ ਕਰੋ ਕਿ ਕਿਵੇਂ ਰੱਬ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਗੱਲਾਂ ਨੂੰ ਪੂਰਾ ਕਰ ਰਿਹਾ ਹੈ ਅਤੇ ਆਪ ਨਾਲ ਕੀਤੇ ਗਏ ਵਾਦਿਆਂ ਨੂੰ ਪੂਰਾ ਕਰ ਰਿਹਾ ਹੈ ਅਤੇ ਜਮਾਤ ਦਾ ਪਰੀਚੈ ਅਤੇ ਪ੍ਰਚਾਰ ਕਿਵੇਂ ਦੁਨੀਆ ਦੇ ਕੰਢਿਆਂ ਤੱਕ ਫੈਲ ਰਿਹਾ ਹੈ ? ਫਿਰ ਅਹਮਦੀ ਸ਼ਹੀਦਾਂ ਦੀਆਂ ਤਸਵੀਰਾਂ ਹਨ ਉਹਨਾਂ ਨੂੰ ਦੇਖਕੇ ਉਹਨਾਂ ਦੇ ਦਰਜਿਆਂ ਦੀ ਬੁਲੰਦੀ ਲਈ ਅਤੇ ਆਪਣੇ ਈਮਾਨਾਂ ਦੀ ਮਜ਼ਬੂਤੀ ਲਈ ਅਤੇ ਉਹਨਾ ਦੇ ਪਰਿਵਾਰਾਂ ਅਤੇ ਜਮਾਤ ਦੇ ਲੋਕਾਂ ਲਈ ਦੁਆਵਾਂ ਕਰੋ । ਅਲੱਾਹ ਤਆਲਾ ਹਰ ਥਾਂ ਜਮਾਤ ਨੂੰ ਦੁਸਮਣਾ ਦੀਆਂ ਸ਼ਰਾਰਤਾਂ ਤੋਂ ਸੁਰੱਖਿਅਤ ਰੱਖੇ ।

ਫਿਰ ਇਸ਼ਾਅਤ (ਪ੍ਰਕਾਸ਼ਨ ਵਿਭਾਗ) ਵੱਲੋਂ ਇਕ ਸਟਾਲ ਹੁੰਦਾ ਹੈ, ਉਹਨਾਂ ਦੀ ਵੀ ਇਕ ਮਾਰਕੀ ਹੈ ਓਥੇ ਜਾਕੇ ਜੋ ਇਸ ਸਾਲ ਛਪਣ ਵਾਲੀਆਂ ਕਿਤਾਬਾਂ ਅਤੇ ਲਿਟ੍ਰੇਚਰ ਹੈ ਉਸ ਨੂੰ ਦੇਖੋ ਜੋ ਖ਼ਰੀਦ ਸਕਦੇ ਹਨ ਖ਼ਰੀਦਣ । ਫਿਰ ਪਹਿਲਾ ਲਿਟ੍ਰੇਚਰ ਜਿੰਨ੍ਹਾ ਕੋਲ ਨਹੀਂ ਹੈ ਇਹ ਵੀ ਪ੍ਰਾਪਤ ਕਰਨ ਦਾ ਜਤਨ ਕਰਨ । ਰੀਵੀਯੂ ਆਫ਼ ਰਿਲੀਜੰਜ਼ ਨੇ ਵੀ ਇਸ ਸਾਲ ਆਪਣਾ ਜੋ ਸਟਾਲ ਹੈ ਜਾਂ ਜੋ ਥਾਂ ਹੈ ਉਸਨੂੰ ਵਿਸਥਾਰ ਦਿੱਤਾ ਹੈ ਅਤੇ ਈਸਾ ਅਲੈਹਿ ਸਲਾਮ ਦੇ ਕਫ਼ਨ ਬਾਰੇ ਬਹੁਤ ਜਾਨਕਾਰੀ ਉਪਲਭਧ ਕਰਾਈ ਹੈ ਇਸ ਵਾਰ । ਉਸ ਨੂੰ ਵੀ ਦੇਖੋ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸਚੱਾਈ ਅਤੇ ਉਹਨਾਂ ਚੀਜਾਂ ਨੂੰ ਦੇਖ ਕੇ ਜੋ ਹੋਰ ਵੀ ਪ੍ਰਕਟ ਕਰਦੀਆਂ ਹਨ ਉਸ ਤੋਂ ਈਮਾਨ ਵਿੱਚ ਵਾਧਾ ਕਰੋ । ਇਸੇ ਪ੍ਰਕਾਰ ਜਲਸੇ ਦੇ ਮੇਨ ਪ੍ਰੋਗ੍ਰਾਮਾ ਤੋਂ ਬਿਨਾ ਬਾਕੀ ਵੱਖ ਵੱਖ ਭਾਸ਼ਾਵਾਂ ਵਿੱਚ ਪ੍ਰੋਗ੍ਰਾਮ ਹੁੰਦੇ ਹਨ, ਉਹਨਾਂ ਤੋਂ ਵੀ ਲਾਭ ਉਠਾਉਣਾ ਚਾਹੀਦਾ ਹੈ । ਜਲਸੇ ਦੇ ਮੇਨ ਪ੍ਰੋਗ੍ਰਾਮਾਂ ਤੋਂ ਬਾਦ ਆਪੋ ਵਿੱਚ ਇਕ ਦੂਜੇ ਨਾਲ ਜਾਣ ਪਛਾਣ ਪ੍ਰਾਪਤ ਕਰਨ ਲਈ ਇਕ ਦੂਜੇ ਨੂੰ ਮਿਲੋ । ਜਲਸੇ ਦੇ ਬਾਦ ਕਈ ਨਵੇਂ ਆਉਣ ਵਾਲੇ ਅਹਮਦੀ ਇਸ ਗੱਲ ਦਾ ਪ੍ਰਗਟਾਵਾ ਕਰਦੇ ਹਨ ਕਿ ਸਾਡੀ ਭਾਸ਼ਾ ਵੱਖਰੀ ਹੁੰਦਿਆਂ ਹੋਇਆਂ ਵੀ ਅਸੀਂ ਵੱਖ ਵੱਖ ਜਾਤੀਆਂ ਦੇ ਅਹਮਦੀਆਂ ਨੂੰ ਜੱਦ ਮਿਲਦੇ ਹਾਂ ਤਾਂ ਸੰਕੇਤਾਂ ਵਿੱਚ ਹੀ ਜੋ ਪ੍ਰੇਮ ਤੇ ਸਦਭਾਵਨਾ ਦੇ ਜਜ਼ਬੇ ਪੈਦਾ ਹੋ ਰਹੇ ਹੁੰਦੇ ਹਨ ਉਹ ਵਧੱਦੇ ਹਨ, ਉਹ ਅਜਿਹੇ ਹੁੰਦੇ ਹਨ ਕਿ ਜਿੰਨ੍ਹਾ ਨੂੰ ਸ਼ਬਦਾਂ ਵਿੱਚ ਵਰਨਣ ਨਹੀਂ ਕੀਤਾ ਜਾ ਸਕਦਾ ।

ਸੋ, ਹਜ਼ਰਤ ਮਸੀਹ ਮੌਊਦ ਅਲਹਿ ਸਲਾਮ ਨੇ ਜੋ ਇਹ ਫ਼ਰਮਾਇਆ ਕਿ ਆਪੋ ਵਿੱਚ ਜਾਣ ਪਛਾਣ ਦੇ ਸੰਬੰਦਾਂ ਵਿੱਚ ਵਾਧਾ ਹੋਵੇ ਅਤੇ ਆਤਮਕ ਤੌਰ'ਤੇ ਸਾਰੇ ਭਰਾ ਇਕ ਹੋਣ ਅਤੇ ਨਿਰਾਸਤਾ ਤੇ ਓਪਰਾਪਨ ਖ਼ਤਮ ਕਰ ਦੇਣ ਦੇ ਜਤਨ ਹੋਣ ਅਤੇ ਉਸ ਲਈ ਵੀ ਦੁਆ ਵੀ ਹੋਵੇ ਤਾਂ ਨਿਹਸਵਾਰਥ ਸੰਬੰਧਾ ਦਾ ਪ੍ਰਗਟਾਵਾ ਇਕ ਦੂਜੇ ਲਈ ਦੁਆ ਇਕ ਅਜਿਹਾ ਵਾਤਾਵਰਣ ਪੈਦਾ ਕਰ ਦਿੰਦਾ ਹੈ ਕਿ ਜਿਸ ਦੀ ਉਧਾਰਣ ਕੇਵਲ ਸਾਡੇ ਇਹਨਾਂ ਜਲਸਿਆਂ ਵਿੱਚ ਦਿਖਾਈ ਦਿੰਦੀ ਹੈ ।

ਸੋ, ਹਰ ਇਕ ਨੂੰ ਜਤਨ ਕਰਨਾ ਚਾਹੀਦਾ ਹੈ ਕਿ ਇਸ ਸੰਬੰਧ ਅਤੇ ਇਸ ਜਾਣ ਪਛਾਣ ਨੂੰ ਪ੍ਰਾਪਤ ਕਰੇ ਅਤੇ ਵਧਾਏ ਅਤੇ ਇਹ ਕੇਵਲ ਰੱਬ ਖ਼ਾਤਰ ਹੋਵੇ । ਇਸੇ ਪ੍ਰਕਾਰ ਇਹ ਵੀ ਜਤਨ ਤੇ ਦੁਆ ਹੋਣੀ ਚਾਹੀਦੀ ਹੈ ਕਿ ਉਹ ਸਾਰੇ ਰੂਹਾਨੀ ਲਾਭ ਜਿੰਨ੍ਹਾ ਦਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਮ ਤੌਰ'ਤੇ ਵਰਨਣ ਕੀਤਾ ਹੈ ਕਿ ਹੋਰ ਵੀ ਬਹੁਤ ਸਾਰੇ ਰੂਹਾਨੀ ਫ਼ਾਇਦੇ ਤੇ ਲਾਭ ਹੋਣਗੇ ਜਿੰਨ੍ਹਾ ਤੱਕ ਸਾਡੀ ਸੋਚ ਜਾ ਸਕਦੀ ਹੈ ਜਾਂ ਨਹੀਂ ਜਾਂ ਜੋ ਵੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮਨ ਵਿੱਚ ਸਨ ਕਿ ਮੇਰੇ ਮਨ੍ਹਣ ਵਾਲਿਆਂ ਨੂੰ ਰੂਹਾਨੀ ਲਾਭ ਹੋਣ, ਉਹਨਾਂ ਸਾਰਿਆਂ ਵਿੱਚੋਂ ਅਸੀਂ ਹਿਸੱਾ ਪ੍ਰਾਪਤ ਕਰਨ ਵਾਲੇ ਹੋਈਏ । ਇਹ ਵੀ ਦੁਆ ਕਰਣੀ ਚਾਹੀਦੀ ਹੈ ਅਤੇ ਇਸ ਲਈ ਜਤਨ ਕਰਨਾ ਚਾਹੀਦਾ ਹੈ । ਸਾਡੇ ਵਿੱਚੋਂ ਹਰ ਇਕ ਨੂੰ ਇਸ ਵੱਲ ਧਿਆਨ ਦੇਣ ਦੀ ਲੋੜ ਹੈ ਕਿ ਈਮਾਨਦਾਰੀ ਨਾਲ ਇਹਨਾਂ ਸਾਰਿਆਂ ਪ੍ਰੋਗ੍ਰਾਮਾਂ ਨੂੰ ਸੁਣੀਏ, ਨਹੀਂ ਤਾਂ ਐਨ੍ਹਾ ਪੈਸਾ ਖਰਚ ਕੇ ਆਪ ਲੋਕਾਂ ਦਾ ਏਧਰ ਆਉਂਣਾ ਫਿਰ ਜਮਾਤ ਦਾ ਵੀ ਐਨ੍ਹਾ ਪੈਸਾ ਖਰਚ ਕਰਨਾ ਇਸ ਵਿਸ਼ਾਲ ਪ੍ਰਬੰਧ ਲਈ ਇਹ ਸਬ ਬੇਫ਼ਾਇਦਾ ਹੈ ।

ਸੋ, ਆਉਣ ਵਾਲੇ ਮਹਿਮਾਨ ਅਤੇ ਜਲਸੇ ਵਿੱਚ ਸਾਮਲ ਹੋਣ ਵਾਲੇ ਸਾਰੇ ਆਪਣੇ ਇਸ ਜਲਸੇ ਵਿੱਚ ਸ਼ਾਮਲ ਹੋਣ ਦੇ ਮੰਤਵ ਨੂੰ ਸਾਹਮਣੇ ਰੱਖਣ ਅਤੇ ਵੱਧ ਤੋਂ ਵੱਧ ਲਾਭ ਉਠਾਉਣ ਦਾ ਜਤਨ ਕਰਨ । ਅਲੱਾਹ ਤਆਲਾ ਆਪ ਸਬ ਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ । ਪ੍ਰਬੰਧਕੀ ਪੱਖੋਂ ਵੀ ਕੁਝ ਗੱਲਾਂ ਵੱਲ ਧਿਆਨ ਦੁਆਉਣਾ ਚਾਹੁੰਦਾ ਹਾਂ ਕਿ ਪ੍ਰਬੰਧਕਾਂ ਨਾਲ ਪੂਰਨ ਸਹਿਯੋਗ ਦਿਓ । ਪ੍ਰਬੰਧਕੀ ਜਿੱਥੇ ਆਪ ਦੀ ਸੇਵਾ ਲਈ ਹੈ ਉਥੇ ਆਪ ਦੇ ਲਾਭ ਲਈ ਵੀ ਹੈ ਅਤੇ ਜੇਕਰ ਸਹਿਯੋਗ ਹੋਵੇਗਾ ਤਾਂ ਉਚਿਤ ਪ੍ਰਬੰਧ ਚਲੱਣਗੇ, ਭਾਵੇਂ ਉਹ ਜਲਸੇ ਵਿੱਚ ਬੈਠਣ ਦੀਆਂ ਹਦਾਇਤਾਂ ਹਨ ਪੁਰੁਸ਼ਾਂ ਲਈ ਵੀ ਤੇ ਇਸਤਰੀਆਂ ਲਈ ਵੀ ਬੱਚਿਆਂ ਵਾਲੀਆਂ ਮਾਵਾਂ ਲਈ ਵੀ ਜਾਂ ਖਾਣਾ ਖਾਣ ਦੀਆਂ ਮਾਰਕੀਆਂ ਵਿੱਚ ਖਾਣੇ ਦੇ ਸਮਿਆਂ ਵਿੱਚ ਜਾਣ ਜਾਂ ਇਕ ਪ੍ਰਬੰਧ ਹੇਠ ਖਾਣਾ ਖਾਣ ਦੀਆਂ ਹਿਦਾਇਤਾਂ ਹਨ, ਉਹਨਾਂ'ਤੇ ਅਮਲ ਕਰਨਾ ਹੈ ਪਰ ਖਾਣਾ ਖੁਆਉਣ ਦੀ ਪ੍ਰਬੰਧਕੀ ਜੋ ਹੈ ਉਹਨਾਂ ਨੂੰ ਵੀ ਇਸ ਗੱਲ ਦਾ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਕਈ ਲੋਕਾਂ ਨੂੰ ਆਪਣੇ ਰੋਗ ਕਰਕੇ ਜਾਂ ਕਿਸੇ ਹੋਰ ਕਾਰਣ ਕਰਕੇ ਮਜਬੂਰੀ ਦੇ ਸਬਬ ਕਈ ਵਾਰ ਦੇਰ ਨਾਲ ਆਉਣ ਕਰਕੇ ਅਤੇ ਕਈ ਬੱਚਿਆਂ ਵਾਲੀਆਂ ਮਾਵਾਂ ਨੂੰ ਕਿਸੇ ਕਾਰਣ ਖਾਣੇ ਦੇ ਸਮਿਆਂ ਤੋਂ ਬਿਨਾ ਵੀ ਖਾਣੇ ਦੀ ਲੋੜ ਪੈ ਜਾਂਦੀ ਹੈ ਜਾਂ ਮਾਰਕੀ ਵਿੱਚ ਜਾਣਾ ਪੈ ਜਾਂਦਾ ਹੈ ਇਸ ਲਈ ਓਥੇ ਹਰ ਸਮੇਂ ਕੁਝ ਨ ਕੁਝ ਪ੍ਰਬੰਧ ਰਹਿਣਾ ਚਾਹੀਦਾ ਹੈ । ਪਰ ਕਿਉਕਿ ਬਜ਼ਾਰ ਤਾਂ ਬੰਦ ਹੁੰਦੇ ਹਨ । ਆਮ ਤੌਰ'ਤੇ ਆਪ ਨੂੰ ਇਹ ਖਿਆਲ ਰੱਖਣਾ ਚਾਹੀਦਾ ਹੈ ਮਹਿਮਾਨਾ ਨੂੰ ਕਿ ਉਹ ਜਲਸੇ ਦੇ ਸਮਿਆਂ ਵਿੱਚ ਇਸ ਗੱਲ ਦਾ ਖ਼ਿਆਲ ਰਖੱਣ ਕਿ ਉਸ ਨੇ ਜਲਸੇ ਤੋਂ ਲਾਭ ਉਠਾਉਣਾ ਹੈ ਜਾਂ ਇਹ ਨ ਸਮਝਣ ਕਿ ਥੋੜੀ ਜਿਹੀ ਆਗਿਆ ਹੈ, ਤਾਂ ਪ੍ਰਬੰਧੰਕੀ ਨੂੰ ਅਕਾਰਣ ਹੀ ਤੰਗ ਵੀ ਕਰਨਾ ਸ਼ੁਰੂ ਕਰ ਦੇਣ । ਆਮ ਤੌਰ'ਤੇ ਬੱਚਿਆਂ ਵਾਲੀਆਂ ਮਾਵਾਂ ਜਤਨ ਕਰਨ ਕਿ ਆਪਣੇ ਬੱਚਿਆਂ ਲਈ ਕੁਝ ਨ ਕੁਝ ਨਾਲ ਲੈਕੇ ਆਉਣ । ਖੁਆਉਂਣਾ ਹੋਵੇ ਤਾ ਵੱਖਰਿਆਂ ਹੋਕੇ ਫਿਰ ਉਹਨਾ ਨੂੰ ਖੁਆ ਦੇਣ । ਉਹਨਾਂ ਦੀਆਂ ਮਾਰਕੀਆਂ ਵੀ ਵੱਖਰੀਆਂ ਹਨ ।

ਇਸੇ ਪ੍ਰਕਾਰ ਟ੍ਰੈਫਿਕ ਦੀ ਪ੍ਰਬੰਧਕੀ ਨਾਲ ਵੀ ਭਰਪੂਰ ਸਹਿਯੋਗ ਦੇਣਾ ਹੈ । ਇਸੇ ਪ੍ਰਕਾਰ ਸਿਕਓਰਟੀ ਦੇ ਆਮ ਪ੍ਰਬੰਧਾ ਨਾਲ ਵੀ ਭਰਪੂਰ ਸਹਿਯੋਗ ਕਰੋ ਅਤੇ ਆਪ ਵੀ ਹੁਸ਼ਿਆਰੀ ਨਾਲ ਹਰ ਇਕ ਨੂੰ ਹਰ ਅਹਮਦੀ ਨੂੰ ਸਾਡਾ ਇਹ ਵੀ ਬਹੁਤ ਵੱਡਾ ਸਿਕਓਰਟੀ ਦਾ ਪ੍ਰਬੰਧ ਹੈ, ਸੱਜੇ ਖੱਬੇ ਆਪਣੀ ਨਜ਼ਰ ਰੱਖਣੀ ਚਾਹੀਦੀ ਹੈ । ਦੁਨੀਆ ਦੇ ਹਾਲਾਤ ਵੀ ਅਜਿਹੇ ਹਨ ਅਤੇ ਜਮਾਤ ਦੀ ਤਰੱਕੀ ਨਾਲ ਕੀਨਾ ਕਰਨ ਵਾਲਿਆਂ ਦੀਆਂ ਸ਼ਰਾਰਤਾਂ ਵਿੱਚ ਵੀ ਤੇਜ਼ੀ ਆਈ ਹੋਈ ਹੈ ਅਤੇ ਵਾਧਾ ਵੀ ਹੋ ਰਿਹਾ ਹੈ । ਸੋ, ਇਸ ਲਈ ਇਸ ਦਾ ਖ਼ਿਆਲ ਰਖੱਣਾ ਵੀ ਅਤਿ ਜ਼ਰੂਰੀ ਹੈ ਅਤੇ ਸਭ ਤੋਂ ਵੱਧ ਕੇ ਹਾਸਦਾਂ ਤੇ ਕੀਨਾ ਕਰਨ ਵਾਲਿਆਂ ਦੀਆਂ ਸ਼ਰਾਰਤਾਂ ਤੋਂ ਬਚਣ ਲਈ ਇਹਨਾਂ ਦਿਨਾ ਵਿੱਚ ਬਹੁਤ ਦੁਆਵਾਂ ਕਰੋ । ਜਿਵੇਂ ਕਿ ਮੈਂ ਪਹਿਲਾਂ ਵੀ ਕਿਹਾ ਹੈ ਕਿ ਅਲੱਾਹ ਤਆਲਾ ਜਲਸੇ ਨੂੰ ਹਰ ਪੱਖੋਂ ਬਰਕਤਾਂ ਭਰਪੂਰ ਬਣਏ । ਜਲਸੇ ਦੇ ਪ੍ਰੋਗ੍ਰਾਮ ਵੀ ਹਰ ਇਕ ਨੂੰ ਦਿੱਤੇ ਜਾਂਦੇ ਹਨ, ਇਸ ਉਪੱਰ ਵੀ ਹਿਦਾਇਤਾਂ ਲਿੱਖੀਆਂ ਹੋਈਆਂ ਹਨ ਇਹਨਾਂ ਨੂੰ ਵੀ ਧਿਆਨ ਨਾਲ ਪੜ੍ਹੋ ਤੇ ਅਮਲ ਕਰੋ ।

ਜੁਮਏ ਦੇ ਖ਼ੁਤਬੇ ਦੇ ਅੰਤ ਵਿੱਚ ਹਜ਼ੂਰ ਅਨਵਰ ਨੇ ਮੁਕਰੱਮ ਇਕਰਾਮੁਲੱਾਹ ਸਾਹਬ ਸਪੁਤੱਰ ਮੁਕਰੱਮ ਕਰੀਮੁਲੱਾਹ ਸਾਹਬ ਆਫ਼ ਨੋਨਸਾ ਸ਼ਰੀਫ਼, ਡੇਰਾ ਗ਼ਾਜ਼ੀ ਖਾਂਨ ਜਿੰਨ੍ਹਾ ਨੂੰ ਵਿਰੋਧੀਆਂ ਨੇ ਮਿਤੀ 19 ਅਗਸਤ 2015 ਨੂੰ ਸ਼ਹੀਦ ਕਰ ਦਿੱਤਾ ਸੀ । ਉਹਨਾ ਦੇ ਗੁਣਾ ਦਾ ਵਰਨਣ ਕਰਦਿਆਂ ਹੋਇਆਂ ਉਹਨਾਂ ਦੇ ਸਦਗੁਣਾ ਤੇ ਸੇਵਾਵਾਂ ਦੀ ਚਰਚਾ ਕੀਤੀ ਅਤੇ ਸਾਕਾਂ ਸੰਬੰਧੀਆਂ ਨੂੰ ਸੰਤੋਖ ਪ੍ਰਾਪਤ ਹੋਣ ਲਈ ਦੁਆ ਦੀ ਤਹਿਰੀਕ ਕੀਤੀ ।

ਦੂਜਾ ਜਨਾਜ਼ਾ ਮੁਕਰੱਮ ਪ੍ਰੋਫ਼ੈਸਰ ਚੌਧਰੀ ਮੁਹਮੱਦ ਅਲੀ ਸਾਹਬ ਐਮ.ਏ. ਦਾ ਹੈ ਜੋ ਅੱਜ ਕੱਲ ਵਕੀਲੇ ਤਸਨੀਫ਼ ਤਹਿਰੀਕੇ ਜਦੀਦ ਸਨ । 14 ਅਗਸਤ 2015 ਈ. ਨੂੰ ਉਹਨਾਂ ਦੀ ਵਫ਼ਾਤ ਹੋਈ ਸੀ । ਉਹਨਾਂ ਦਾ ਜਨਮ 1917 ਈ. ਦਾ ਹੈ ਹਜ਼ੂਰ ਅਨਵਰ ਨੇ ਉਹਨਾਂ ਦੀਆਂ ਲੰਮੀਆਂ ਸੇਵਾਵਾਂ ਦੀ ਚਰਚਾ ਕੀਤੀ ਅਤੇ ਉਹਨਾ ਦੀ ਬਖਸ਼ਿਸ਼ ਲਈ ਅਤੇ ਦਰਜਿਆਂ ਦੀ ਬੁਲੰਦੀ ਲਈ ਦੁਆ ਕੀਤੀ ਅਤੇ ਫ਼ਰਮਾਇਆ ਕਿ ਇਹਨਾਂ ਜਿਹੇ ਮੁਖ਼ਲਿਸ, ਈਮਾਨਦਾਰ, ਫ਼ਿਦਾਈ ਅਤੇ ਖ਼ਿਲਾਫ਼ਤ ਨਾਲ ਸਲੰਗਤ ਦੀਵਾਨੇ ਅਲੱਾਹ ਤਆਲਾ ਜਮਾਤ ਨੂੰ ਹਰ ਸਮੇਂ ਪ੍ਰਦਾਨ ਕਰਦਾ ਚਲਾ ਜਾਵੇ । ਆਮੀਨ ।

**Khulasa Khutba 21.08.2015**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131